ਸਾਰਗ ਮਹਲਾ ੫ ॥ ਟੂਟੀ ਨਿੰਦਕ ਕੀ ਅਧ ਬੀਚ ॥ ਜਨ ਕਾ ਰਾਖਾ ਆਪਿ ਸੁਆਮੀ ਬੇਮੁਖ ਕਉ ਆਇ ਪਹੂਚੀ ਮੀਚ ॥੧॥ ਰਹਾਉ ॥ ਉਸ ਕਾ ਕਹਿਆ ਕੋਇ ਨ ਸੁਣਈ ਕਹੀ ਨ ਬੈਸਣੁ ਪਾਵੈ ॥ ਈਹਾਂ ਦੁਖੁ ਆਗੈ ਨਰਕੁ ਭੁੰਚੈ ਬਹੁ ਜੋਨੀ ਭਰਮਾਵੈ ॥ ੧॥ ਪ੍ਰਗਟੁ ਭਇਆ ਖੰਡੀ ਬ੍ਰਹਮੰਡੀ ਕੀਤਾ ਅਪਣਾ ਪਾਇਆ ॥ ਨਾਨਕ ਸਰਣਿ ਨਿਰਭਉ ਕਰਤੇ ਕੀ ਅਨਦ ਮੰਗਲ ਗੁਣ ਗਾਇਆ ॥੨॥੮੩॥੧੦੬॥ {ਪੰਨਾ 1224}

ਪਦਅਰਥ:- ਅਧ ਬੀਚ—ਅੱਧ ਵਿਚ ਹੀ। ਟੂਟੀ ਅਧ ਬੀਚ—ਅੱਧ ਵਿਚ ਹੀ ਟੁੱਟ ਜਾਂਦੀ ਹੈ, ਜ਼ਿੰਦਗੀ ਅਸਫਲ ਹੋ ਜਾਂਦੀ ਹੈ। ਬੇਮੁਖ—(ਪ੍ਰਭੂ ਦੇ ਸੇਵਕ ਵਲੋਂ) ਜਿਸ ਨੇ ਆਪਣਾ ਮੂੰਹ ਮੋੜਿਆ ਹੈ। ਮੀਚ—ਮੌਤ, ਆਤਮਕ ਮੌਤ।1। ਰਹਾਉ।

ਉਸ ਕਾ—{ਸੰਬੰਧਕ 'ਕਾ' ਦੇ ਕਾਰਨ ਲਫ਼ਜ਼ 'ਉਸ' ਦਾ ੁ ਉੱਡ ਗਿਆ ਹੈ} ਉਸ (ਨਿੰਦਕ) ਦਾ। ਨ ਸੁਣਈ—ਨ ਸੁਣੈ, ਨਹੀਂ ਸੁਣਦਾ। ਕਹੀ—ਕਿਤੇ ਭੀ। ਬੈਸਣੁ—ਥਾਂ, ਆਦਰ ਦੀ ਥਾਂ। ਈਹਾ—ਇਸ ਲੋਕ ਵਿਚ। ਆਗੈ—ਪਰਲੋਕ ਵਿਚ। ਭੁੰਚੈ—ਭੋਗਦਾ ਹੈ। ਭਰਮਾਵੈ—ਭਟਕਦਾ ਹੈ।1।

ਪ੍ਰਗਟੁ ਭਇਆ—ਨਸ਼ਰ ਹੁੰਦਾ ਹੈ, ਬਦਨਾਮੀ ਖੱਟਦਾ ਹੈ। ਖੰਡੀ ਬ੍ਰਹਮੰਡੀ—ਜਗਤ ਵਿਚ। ਕਰਤੇ ਕੀ—ਕਰਤਾਰ ਦੀ। ਮੰਗਲ—ਖ਼ੁਸ਼ੀਆਂ।2।

ਅਰਥ:- ਹੇ ਭਾਈ! ਸੰਤ ਜਨਾਂ ਦੀ ਨਿੰਦਾ ਕਰਨ ਵਾਲੇ ਮਨੁੱਖ ਦੀ ਜ਼ਿੰਦਗੀ ਨਿਸਫਲ ਜਾਂਦੀ ਹੈ। ਮਾਲਕ-ਪ੍ਰਭੂ ਆਪ ਆਪਣੇ ਸੇਵਕ ਦੀ ਰੱਖਿਆ ਕਰਨ ਵਾਲਾ ਹੈ, ਪਰ ਜਿਹੜਾ ਮਨੁੱਖ ਸੰਤ ਜਨਾਂ ਤੋਂ ਮੂੰਹ ਮੋੜੀ ਰੱਖਦਾ ਹੈ, ਉਹ ਆਤਮਕ ਮੌਤ ਸਹੇੜ ਲੈਂਦਾ ਹੈ।1। ਰਹਾਉ।

ਹੇ ਭਾਈ! ਸੰਤ ਜਨਾਂ ਦੀ ਨਿੰਦਾ ਕਰਨ ਵਾਲੇ ਮਨੁੱਖ ਦੀ ਗੱਲ ਉੱਤੇ ਕੋਈ ਇਤਬਾਰ ਨਹੀਂ ਕਰਦਾ, ਉਸ ਨੂੰ ਕਿਤੇ ਭੀ ਇੱਜ਼ਤ ਵਾਲੀ ਥਾਂ ਨਹੀਂ ਮਿਲਦੀ। ਨਿੰਦਕ ਇਸ ਲੋਕ ਵਿਚ ਦੁੱਖ ਪਾਂਦਾ ਹੈ, (ਕਿਉਂਕਿ ਕੋਈ ਉਸ ਦੀ ਇੱਜ਼ਤ ਨਹੀਂ ਕਰਦਾ), ਪਰਲੋਕ ਵਿਚ ਉਹ ਨਰਕ ਭੋਗਦਾ ਹੈ, ਅਨੇਕਾਂ ਜੂਨਾਂ ਵਿਚ ਭਟਕਦਾ ਹੈ।1।

ਹੇ ਭਾਈ! ਸੰਤ ਜਨਾਂ ਦੀ ਨਿੰਦਾ ਕਰਨ ਵਾਲਾ ਮਨੁੱਖ ਆਪਣੇ (ਇਸ) ਕੀਤੇ ਦਾ (ਇਹ) ਫਲ ਪਾਂਦਾ ਹੈ ਕਿ ਸਾਰੇ ਜਗਤ ਵਿਚ ਬਦਨਾਮ ਹੋ ਜਾਂਦਾ ਹੈ। ਹੇ ਨਾਨਕ! (ਪ੍ਰਭੂ ਦਾ ਸੇਵਕ) ਨਿਰਭਉ ਕਰਤਾਰ ਦੀ ਸਰਨ ਪਿਆ ਰਹਿੰਦਾ ਹੈ, ਪ੍ਰਭੂ ਦੇ ਗੁਣ ਗਾਂਦਾ ਹੈ, ਉਸ ਦੇ ਅੰਦਰ ਆਤਮਕ ਆਨੰਦ ਬਣਿਆ ਰਹਿੰਦਾ ਹੈ, ਆਤਮਕ ਖ਼ੁਸ਼ੀਆਂ ਬਣੀਆਂ ਰਹਿੰਦੀਆਂ ਹਨ।2। 83। 106।